# ਬੱਚਿਆਂ ਲਈ ਬਾਈਬਲ

ਉਪੱਸਥਿਤ

# ਯਿਸੂ ਦੇ ਚਮਤਕਾਰ




ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Byron Unger; Lazarus Alastair Paterson

ਦੁਆਰਾ ਬਦਲਿਆ ਗਿਆ : E. Frischbutter; Sarah S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

BFC
PO Box 3
Winnipeg, MB R3C 2G1
Canada



©2022 Bible for Children, Inc.

ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।




ਯਿਸੂ ਨੇ ਬਹੁਤ ਚਮਤਕਾਰ ਕੀਤੇ। ਚਮਤਕਾਰ ਇਹ ਵਿਖਾਉਣ ਲਈ ਸਨ ਕੀ ਯਿਸੂ ਸੱਚ – ਮੁੱਚ ਪਰਮੇਸ਼ਵਰ ਦਾ ਪੁੱਤਰ ਹੈ। ਪਹਿਲਾ ਚਮਤਕਾਰ ਸ਼ਾਦੀ ਸਮਾਰੋਹ ਵਿੱਚ ਹੋਇਆ। ਇੱਕ ਪਰੇਸ਼ਾਨੀ ਆਈ। ਉੱਥੇ ਸਾਰਿਆਂ ਲਈ ਬਥੇਰੀ ਮੈ ਨਹੀ ਸੀ।




ਯਿਸੂ ਦੀ ਮਾਤਾ, ਮਰੀਯਮ ਨੇ, ਉਸ ਨੂੰ ਪਰੇਸ਼ਾਨੀ ਦੇ ਬਾਰੇ ਦੱਸਿਆ, ਤਦ ਨੌਕਰਾਂ ਨੂੰ ਆਖਿਆ ਜਿਵੇਂ ਯਿਸੂ ਹੁਕਮ ਦੇਵੇ ਓਵੇਂ ਹੀ ਕਰਨਾ।
3


ਯਿਸੂ ਨੇ ਆਖਿਆ, “ਇਹਨਾਂ ਘੜਿਆਂ ਨੂੰ ਪਾਣੀ ਨਾਲ ਭਰ ਦਿਓ।” ਸ਼ਾਇਦ ਉਹਨਾਂ ਨੇ ਪੁੱਛਿਆ ਹੋਣਾ, “ਪਾਣੀ ਨਾਲ?” ਜੀ ਹਾਂ, ਉਹ ਪਾਣੀ ਹੀ ਸੀ ਜਿਸ ਲਈ ਯਿਸੂ ਨੇ ਬੇਨਤੀ ਕੀਤੀ ਸੀ।
4


ਯਿਸੂ ਨੇ ਇੱਕ ਨੌਕਰ ਨੂੰ ਆਖਿਆ ਕੇ ਇੱਕ ਵੱਡੇ ਘੜੇ ਵਿੱਚੋਂ ਲੈ ਅਤੇ ਆਪਣੇ ਸਰਦਾਰ ਨੂੰ ਇਸ ਦਾ ਸਵਾਦ ਚੱਖਣ ਲਈ ਦੇਹ। ਪਾਣੀ ਹੁਣ ਮੈਹ ਬਣ ਗਿਆ ਸੀ! ਅੱਛੀ ਮੈਹ! ਬਹੁਤ ਅੱਛੀ ਮੈਹ!
5


ਨੋਕਰ ਹੈਰਾਨ ਸਨ। ਯਿਸੂ ਨੇ ਪਾਣੀ ਨੂੰ ਮੈਂਹ ਵਿੱਚ ਬਦਲ ਦਿੱਤਾ ਸੀ। ਸਿਰਫ ਪਰਮੇਸ਼ਵਰ ਹੀ ਇਹੋ ਜਿਹੇ ਚਮਤਕਾਰ ਕਰ ਸਕਦਾ ਸੀ।
6


ਯਿਸੂ ਨੇ ਹੋਰ ਚਮਤਕਾਰ ਕੀਤੇ। ਇੱਕ ਸ਼ਾਮ ਉਹ ਅਤੇ ਉਸਦੇ ਚੇਲੇ ਪਤਰਸ ਦੇ ਘਰ ਗਏ। ਪਤਰਸ ਦੀ ਸੱਸ ਬੁਖਾਰ ਨਾਲ ਬਹੁਤ ਬੀਮਾਰ ਸੀ।
7


ਯਿਸੂ ਨੇ ਬਿਮਾਰ ਔਰਤ ਦੇ ਹੱਥ ਨੂੰ ਛੂਹਿਆ। ਉਸੇ ਘੜੀ ਉਹ ਫਿਰ ਚੰਗੀ ਹੋ ਗਈ। ਉਹ ਯਿਸੂ ਅਤੇ ਉਹਦੇ ਚੇਲਿਆਂ ਦੀ ਸੇਵਾ ਲਈ ਖੜੀ ਹੋ ਗਈ।
8


ਉਸ ਸ਼ਾਮ ਸਾਰਾ ਸ਼ਹਿਰ
ਉਸਦੇ ਦਰਵਾਜੇ ਤੇ ਇਕੱਠਾ
ਹੋਇਆ ਲੱਗ ਰਿਹਾ ਸੀ।
ਬਿਮਾਰ, ਅੰਨ੍ਹੇ, ਬੋਲੇ, ਗੂੰਗੇ
ਅਤੇ ਕੋਹੜੀ ਲੋਕ ਆਏ।
ਯਿਸੂ ਦੇ ਕੋਲ ਉਹ ਲੋਕ ਵੀ
ਭੀੜ ਨਾਲ ਆਏ ਜਿਹਨਾਂ
ਵਿੱਚ ਭੂਤਾਂ ਪਰੇਤਾਂ
ਰਹਿੰਦੀਆਂ ਸਨ।
9


ਯਿਸੂ, ਪਰਮੇਸ਼ਵਰ ਦਾ ਪੁੱਤਰ, ਮਦਦ ਕਰ ਸਕਦਾ ਸੀ। ਯਿਸੂ ਨੇ ਮਦਦ
ਕੀਤੀ। ਸਾਰੇ ਜਿਹੜੇ ਉਸ ਕੋਲ ਆਏ ਚੰਗੇ ਹੋ ਗਏ। ਜਿਹੜੇ ਲੋਕ
ਜਿੰਦਗੀ ਵਿੱਚ ਘਸੀਟ ਕੇ ਜਾਂ ਬੈਸਾਖੀਆਂ ਦੁਆਰਾ ਚੱਲਦੇ ਸਨ ਹੁਣ ਉਹ
ਤੁਰ ਸਕਦੇ,ਭੱਜ ਸਕਦੇ ਅਤੇ ਛਾਲਾਂ ਮਾਰ ਸਕਦੇ ਸਨ।
10


ਹੋਰ ਆਏ, ਜਿਹੜੇ
ਕੋੜ੍ਹ ਨਾਲ ਬਦਸੂਰਤ
ਬਣ ਗਏ ਸਨ।
11


ਉਹ ਤੰਦਰੁਸਤ ਅਤੇ
ਸਾਫ ਹੋ ਗਏ ਜਿਓਂ ਹੀ
ਯਿਸੂ ਨੇ ਉਹਨਾਂ ਨੂੰ
ਚੰਗਾ ਕੀਤਾ।
12


ਭੂਤਾਂ ਪਰੇਤਾਂ ਨਾਲ
ਪਰੇਸ਼ਾਨ ਆਦਮੀ
ਅਤੇ ਔਰਤ ਯਿਸੂ ਦੇ
ਸਾਹਮਣੇ ਖੜ੍ਹੇ ਹੋਏ।
ਉਸਨੇ ਭੂਤਾਂ ਪਰੇਤਾਂ
ਨੂੰ ਹੁਕਮ ਦਿੱਤਾ ਜੋ
ਉਹਨਾਂ ਨੂੰ ਛੱਡ ਕੇ
ਚਲੇ ਜਾਣ। ਜਿਵੇਂ
ਹੀ ਭੂਤਾਂ ਪਰੇਤਾਂ ਨੇ
ਡਰਦੇ ਹੋਏ ਆਗਿਆ
ਮੰਨੀ, ਦੁਖੀ ਲੋਕ
ਨੇ ਸ਼ਾਂਤੀ ਪਾਈ
ਅਤੇ ਖੁਸ਼ੀ
ਮਨਾਉਣ ਲੱਗੇ।
13


ਭੀੜ ਦੇ ਪਿੱਛੇ, ਚਾਰ ਮਨੁੱਖਾਂ ਨੇ ਆਪਣੇ ਮਿੱਤਰ ਨੂੰ ਯਿਸੂ ਦੇ ਕੋਲ
ਪਹੁੰਚਾਉਣ ਦੀ ਕੋਸ਼ੀਸ਼ ਕੀਤੀ। ਪਰ ਉਹ ਨੇੜੇ ਨਾਂ ਜਾ ਸਕੇ। ਉਹ ਕੀ
ਕਰਨਗੇ?
14



ਬੀਮਾਰ ਮਨੁੱਖ ਨੂੰ ਘਰ ਦੀ ਛੱਤ ਤੇ ਲਿਜਾ ਕੇ, ਚਾਰ ਵਿਸ਼ਵਾਸ਼ ਯੋਗ ਮਿੱਤਰਾਂ ਨੇ ਛੱਤ ਨੂੰ ਖੋਲ ਕੇ ਉਸਨੂੰ ਥੱਲੇ ਲਟਕਾ ਦਿੱਤਾ। ਹੁਣ ਉਹ ਯਿਸੂ ਦੇ ਨੇੜੇ ਸੀ।

15

ਯਿਸੂ ਨੇ ਵੇਖਿਆ ਕੇ ਚਾਰ ਮਿੱਤਰਾਂ ਨੂੰ ਵਿਸ਼ਵਾਸ਼ ਹੈ। ਉਸਨੇ ਬਿਮਾਰ ਮਨੁੱਖ ਨੂੰ ਆਖਿਆ, “ਤੇਰੇ ਗ਼ੁਨਾਹ ਮਾਫ ਹੋਏ। ਆਪਣਾ ਬਿਸਤਰ ਚੁੱਕ ਅਤੇ ਚੱਲ ਫਿਰ।” ਮਨੁੱਖ ਚੰਗਿਆਈ ਅਤੇ ਤਾਕਤ ਨਾਲ ਖੜਾ ਹੋ ਗਿਆ। ਯਿਸੂ ਨੇ ਉਸ ਨੂੰ ਚੰਗਾ ਕਰ ਦਿੱਤਾ।



16



ਉਸਦੇ ਤੁਰੰਤ ਬਾਅਦ, ਯਿਸੂ ਆਪਣੇ ਚੇਲਿਆਂ ਨਾਲ ਬੇੜੀ ਵਿੱਚ ਸੀ। ਇੱਕ ਭਿਆਨਕ ਤੂਫ਼ਾਨ ਨੇ ਸਮੁੰਦਰ ਵਿੱਚ ਮੰਥਨ ਖੜਾ ਕਰ ਦਿੱਤਾ। ਯਿਸੂ ਸੌਂ ਰਿਹਾ ਸੀ। ਡਰੇ ਹੋਏ ਚੇਲਿਆਂ ਨੇ ਉਸਨੂੰ ਉਠਾਇਆ। ਉਹ ਚਿਲਾਏ, “ਗੁਰੁ ਜੀ, ਸਾਨੂੰ ਬਚਾਉ।” “ਅਸੀ ਨਾਸ਼ ਹੋ ਰਹੇ ਹਾਂ!”

17

ਯਿਸੂ ਨੇ ਲਹਿਰਾਂ ਨੂੰ ਹੁਕਮ ਦਿੱਤਾ, “ਰੁਕ ਜਾਉ।” ਤੁਰੰਤ ਹੀ ਸਮੁੰਦਰ ਸ਼ਾਂਤ ਹੋ ਗਿਆ। “ਇਹ ਕਿਸ ਤ੍ਰਾਂ ਦਾ ਮਨੁੱਖ ਹੈ?” ਉਸਦੇ ਚੇਲੇ ਬੁੜਬੁੜਾਉਣ ਲੱਗੇ। ਇੱਥੋਂ ਤੱਕ ਸਮੁੰਦਰ ਅਤੇ ਹਵਾ ਵੀ ਉਸਦੀ ਆਗਿਆ ਮੰਨਦੇ ਹਨ। ਉਹਨਾਂ ਨੇ ਵਿਸ਼ਵਾਸ਼ ਕੀਤਾ ਕੇ ਯਿਸੂ ਪਰਮੇਸ਼ਵਰ ਦਾ ਪੁੱਤਰ ਹੈ ਕਿਉਂਕਿ ਉਸਦੇ ਚਮਤਕਾਰ ਉਸਦੀ ਮਹਿਮਾ ਵਿਖਾਉਂਦੇ ਸਨ।ਚੇਲੇ ਇਹ ਨਹੀਂ ਜਾਣਦੇ ਸਨ, ਪਰ ਜਿਵੇਂ ਉਸਦੀ ਮਨੁੱਖਾਂ ਵਿੱਚ



ਪਰਮੇਸ਼ਵਰ ਦੀ ਸੇਵਾ ਸੀ ਉਹ ਉਸਨੂੰ ਮਹਾਨ ਚਮਤਕਾਰ ਕਰਦੇ ਵੇਖਣ ਜਾ ਰਹੇ ਸੀ।

18

ਯਿਸੂ ਦੇ ਚਮਤਕਾਰ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਮੱਤੀ ਦੀ ਇੰਜੀਲ 8 - 9, ਮਰਕੁਸ ਦੀ ਇੰਜੀਲ 4,
ਲੂਕਾ ਦੀ ਇੰਜੀਲ 4, ਲੂਕਾ ਦੀ ਇੰਜੀਲ 8,
ਯਹੂਨਾ ਦੀ ਇੰਜੀਲ 2

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

19



# ਸਮਾਪਤ

40 60

20

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜ਼ਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16